# ਬੱਚਿਆਂ ਲਈ ਬਾਈਬਲ

ਉਪੱਸਥਿਤ



# ਨੂੰਹ ਅਤੇ ਮਹਾਨ ਜਲ ਪਰਲੋ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : M. Maillot; Tammy S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2012 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਨੂੰਹ ਉਹ ਮਨੁੱਖ ਸੀ ਜੋ ਪਰਮੇਸ਼ਵਰ
ਦੀ ਉਪਾਸਨਾ ਕਰਦਾ ਸੀ। ਇਸ
ਤੋ ਇਲਾਵਾ ਹਰੇਕ ਨੇ ਨਫ਼ਤਰ ਅਤੇ
ਪਰਮੇਸ਼ਵਰ ਦੀ ਆਗਿਆ ਦਾ ਉਲਘਣ
ਕੀਤਾ।ਇਸ ਦੁਸ਼ਟਤਾ ਭਰੇ ਸੰਸਾਰ ਨੂੰ
ਨਾਸ਼ ਕਰ ਦਿਆਗਾ
ਪਰਮੇਸ਼ਵਰ
ਨੇ ਨੂੰਹ ਨੂੰ
ਕਿਹਾ । ਸਿਰਫ਼
ਤੇਰਾ ਪਰਿਵਾਰ
ਬਚਾਇਆ ਜਾਵੇਗਾ।

ਪਰਮੇਸ਼ਵਰ ਨੇ ਨੂੰਹ ਨੂੰ ਕਿਹਾ ਕਿ ਇੱਕ ਮਹਾਨ ਜਲ ਪਰਲੋ ਆਵੇਗਾ ਜੋ ਧਰਤੀ ਨੂੰ ਢੱਕ ਲਵੇਗਾ। ਇੱਕ ਲੱਕੜ ਦੀ ਕਿਸ਼ਤੀ ਬਣਾ ਜੋ ਤੇਰੇ ਪਰਿਵਾਰ ਅਤੇ ਬਹੁਤ ਸਾਰੇ ਜਾਨਵਰਾਂ ਲਈ ਕਾਫ਼ੀ ਵੱਡੀ ਕਿਸ਼ਤੀ ਹੋਵੇ, ਨੂੰਹ ਨੂੰ ਆਦੇਸ਼ ਮਿਲਿਆ।ਪਰਮੇਸ਼ਵਰ ਨੇ ਨੂੰਹ ਨੂੰ ਬਿਲਕੁਲ ਠੀਕ ਹਿਦਾਇਤ ਦਿੱਤੀ।





ਜਦ ਨੂੰਹ ਸਮਝਾਉਣ ਦੀ ਕੋਸ਼ਿਸ਼ ਕਰਦਾ ਸੀ ਕਿ ਉਹ ਜਹਾਜ਼ ਕਿਉ ਬਣਾ ਰਿਹਾ ਹੈ, ਤਾਂ ਲਗਭਗ ਲੋਕ ਉਸਦਾ ਮਜ਼ਾਕ ਉਡਾਉਦੇ ਸੀ। ਨੂੰਹ ਬਣਾਉਦਾ ਰਿਹਾ ਫ਼ਿਰ ਵੀ ਉਹ ਲੋਕਾਂ ਨੂੰ ਪਰਮੇਸ਼ਵਰ ਬਾਰੇ ਦੱਸਦਾ ਰਿਹਾ। ਪਰ ਕਿਸੇ ਨੇ ਨਾ ਸੁਣਿਆ।



ਨੂੰਹ ਦਾ ਵਿਸ਼ਵਾਸ਼ ਪੱਕਾ ਸੀ।ਇੱਥੋ ਤੱਕ ਕਿ ਪਹਿਲਾਂ ਮੀਹ ਨਹੀ ਪਏ ਸਨ। ਪਰ ਉਹ ਫ਼ਿਰ ਵੀ ਪਰਮੇਸ਼ਵਰ ਤੇ ਭਰੋਸਾ ਰੱਖਦਾ ਸੀ। ਜਲਦ ਹੀ ਕਿਸ਼ਤੀ ਤਿਆਰ ਸੀ ਕਿ ਉਸ ਵਿੱਚ ਲੋੜ ਪੂਰੀ ਕਰਨ ਵਾਲੀਆਂ ਚੀਜਾਂ ਲੱਦੀਆਂ ਜਾਣ।

ਹੁਣ ਜਾਂਨਵਰ ਆਏ। ਪਰਮੇਸ਼ਵਰ ਸੱਤ ਤਰਾਂ ਦੀਆਂ ਕੁੱਝ ਉਪ ਜਾਤੀਆਂ ਨੂੰ ਲਿਆ, ਦੋ ਹੋਰ ਤਰਾਂ ਦੀਆਂ, ਵੱਡੇ ਅਤੇ ਛੋਟੇ ਪੰਛੀ, ਛੋਟੇ ਅਤੇ ਵੱਡੇ ਜਾਨਵਰਾਂ ਨੇ ਆਪਣਾ ਰਾਸਤਾ ਕਿਸ਼ਤੀ ਵੱਲ ਕੀਤਾ।





ਪਰ ਲੋਕਾਂ ਨੇ ਚੀਕ-ਚੀਕ ਕੇ ਨੂੰਹ ਦਾ ਮਜ਼ਾਕ ਉਡਾਇਆ। ਜਦ ਉਹ ਜਾਨਵਰਾਂ ਨੂੰ ਕਿਸ਼ਤੀ ਵਿੱਚ ਚੜਾ ਰਿਹਾ ਸੀ, ਉਨ੍ਹਾਂ ਨੇ ਪਰਮੇਸ਼ਵਰ ਦੇ ਵਿਰੁੱਧ ਪਾਪ ਕਰਨੇ ਬੰਦ ਨਾ ਕੀਤੇ।
ਉਨ੍ਹਾਂ ਨੇ ਕਿਸ਼ਤੀ ਦੇ ਵਿੱਚ
ਜਾਣ ਲਈ ਨਾ ਪੁੱਛਿਆਂ।



ਅੰਤ ਵਿੱਚ ਸਾਰੇ ਜਾਨਵਰ ਅਤੇ ਪੰਛੀ
ਸਮੁੰਦਰੀ ਜਹਾਜ਼ ਵਿੱਚ ਜਾ ਉਤਰੇ।

ਪਰਮੇਸ਼ਵਰ ਨੇ ਨੂੰਹ
ਨੂੰ ਸੱਦਾ ਦਿੱਤਾ ਕਿ
ਕਿਸ਼ਤੀ ਵਿੱਚ ਆ
ਜਾਵੇ।ਤੂੰ ਅਤੇ ਤੇਰਾ
ਪਰਿਵਾਰ ਨੂੰਹ ਉਸਦੀ
ਪਤਨੀ ਅਤੇ ਉਸਦੇ ਤਿੰਨ ਪੁੱਤਰ
ਅਤੇ ਉਨ੍ਹਾਂ ਦੀਆਂ ਪਤਨੀਆਂ ਕਿਸ਼ਤੀ
ਵਿੱਚ ਚੜ ਆਏ। ਤਦ ਪਰਮੇਸ਼ਵਰ
ਨੇ ਦਰਵਾਜ਼ਾ ਬੰਦ ਕਰ ਦਿੱਤਾ।



ਤਦ ਮੀਹ ਪਿਆ, ਇੱਕ ਬਹੁਤ
ਭਾਰੀ ਵਰਖਾਂ ਨੇ ਸਾਰੀ ਧਰਤੀ ਨੂੰ
ਚਾਲੀ ਦਿਨ ਅਤੇ ਚਾਲੀ ਰਾਤਾਂ
ਤੱਕ ਡੌਬ ਕੇ ਰੱਖ ਦਿੱਤਾ।



ਪਿੰਡਾਂ ਅਤੇ
ਸ਼ਹਿਰਾਂ ਦੇ
ਵਿੱਚ ਜਲ ਪਰਲੋ
ਦਾ ਪਾਣੀ ਬਹੁਤ ਜਿਆਦਾ
ਭਰ ਗਿਆ। ਜਦ ਵਰਖਾਂ ਰੁਕ ਗਈ, ਇੱਥ ਤੱਕ
ਕਿ ਪਹਾੜ ਵੀ ਪਾਣੀ ਵਿੱਚ ਡੁੱਬੇ ਹੋਏ ਸੀ।ਹਰ ਕੋਈ
ਜੋ ਸਾਹ ਲੈਂਦਾ ਸੀ ਉਹ ਸਾਰੇ ਮਰ ਗਏ।



ਜਿਸ ਤਰਾਂ ਪਾਣੀ ਵੱਧਦਾ ਗਿਆ
ਕਿਸ਼ਤੀ ਉਸ ਉਪਰ ਤੈਰਨ ਲੱਗੀ।
ਹੋ ਸਕਦਾ ਹੈ ਕਿ ਅੰਦਰ ਹਨੇਰਾ
ਹੋਵੇ, ਸ਼ਾਇਦ ਟਕਰਾਉਣਾ ਅਤੇ
ਸ਼ਾਇਦ ਡਰਾਵਨਾ ਵੀ ਹੋਵੇ। ਪਰ
ਕਿਸ਼ਤੀ ਨੇ ਨੂੰਹ ਨੂੰ ਉਸ ਜਲ
ਪਰਲੋ ਤੋ ਸੁਰੱਖਿਅਤ ਸਥਾਨ ਦਿੱਤਾ।

ਜਲ-ਪਰਲੋ ਤੋ ਪੰਜ਼ ਮਹੀਨੇ ਬਾਅਦ ਪਰਮੇਸ਼ਵਰ ਨੇ
ਇੱਕ ਸੁੱਕੀ ਹਵਾ ਨੂੰ ਭੇਜ਼ਿਆਂ। ਹੌਲੀ ਹੌਲੀ ਕਿਸ਼ਤੀ
ਅਰਾਰਾਤ ਪਹਾੜ ਉਤੇ ਆਣ ਕੇ ਟਿੱਕ ਗਈ।ਨੂੰਹ
ਹੋਰ ਚਾਲੀ ਦਿਨ ਵਿੱਚ ਟਿਕਿਆ ਰਿਹਾ ਸੋ
ਪਾਣੀ ਘਟ ਗਿਆ।



ਨੂੰਹ ਨੇ ਕਿਸ਼ਤੀ ਦੀ ਖਿੜਕੀ ਨੂੰ ਖੋਲ ਕੇ ਇੱਕ ਕਾਲਾ ਕਾਂ ਅਤੇ ਘੁੱਗੀ ਨੂੰ ਬਾਹਰ ਭੇਜ਼ਿਆਂ। ਉਸਨੂੰ ਸਥਿਰ ਰਹਿਣ ਲਈ ਸੁੱਕਾ ਟਿਕਾਣਾ ਨਾ ਲੱਭਿਆਂ। ਘੁੱਗੀ ਨੂੰਹ ਦੇ ਕੋਲ ਵਾਪਸ ਪਰਤ ਆਈ।





ਇੱਕ ਹਫ਼ਤੇ ਬਾਅਦ ਨੂੰਹ ਨੇ ਫ਼ਿਰ
ਕੋਸ਼ਿਸ਼ ਕੀਤੀ। ਜਦ ਘੁੱਗੀ ਵਾਪਸ
ਆਈ ਤਾਂ ਆਪਣੇ ਚੁੰਝ ਵਿੱਚ ਇੱਕ
ਨਵਾਂ ਜੈਤੂਨ ਦਾ ਪੱਤਾ ਲੈ ਕੇ ਆਈ।
ਅਗਲੇ ਹਫ਼ਤੇ ਨੂੰਹ ਨੂੰ ਪਤਾ ਲੱਗ ਗਿਆ
ਕਿ ਧਰਤੀ ਸੁੱਕ ਗਈ ਹੈ
ਕਿਉਕਿ ਘੁੱਗੀ ਵਾਪਸ
ਨਹੀ ਆਈ।

ਪਰਮੇਸ਼ਵਰ ਨੇ ਨੂੰਹ ਨੂੰ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਤੁਸੀ ਕਿਸ਼ਤੀ ਨੂੰ ਛੱਡ ਦਿਉ। ਨੂੰਹ ਅਤੇ ਉਸਦੇ ਪਰਿਵਾਰ ਨੇ ਮਿਲ ਕੇ ਜਾਨਵਰਾਂ ਨੂੰ ਉਤਾਰਿਆਂ।



ਨੂੰਹ ਨੇ ਕਿੰਨਾ ਅਹਿਮਾਣਮੰਦ
ਮਹਿਸੂਸ ਕੀਤਾ। ਉਸਨੇ
ਇੱਕ ਵੇਦੀ ਬਣਾਈ ਅਤੇ
ਪਰਮੇਸ਼ਵਰ ਦੀ ਉਪਾਸਨਾ
ਕੀਤੀ ਜਿਸਨੇ ਉਸਨੂੰ ਅਤੇ
ਉਸਦੇ ਪਰਿਵਾਰ ਨੂੰ ਭਿਆਨਕ
ਜਲ-ਪਰਲੋ ਤੋ ਬਚਾਇਆ ਸੀ।




ਪਰਮੇਸ਼ਵਰ ਨੇ
ਨੂੰਹ ਨਾਲ ਇੱਕ ਅਨੋਖਾ
ਵਾਇਦਾ ਕੀਤਾ। ਮੈ ਅੱਗੇ
ਤੋ ਮਨੁੱਖ ਦੇ ਪਾਪਾਂ ਦੇ ਨਿਆਂ
ਲਈ ਕਦੀ ਵੀ ਜਲ-ਪਰਲੋ
ਨਹੀ ਭੇਜ਼ਾਗਾਂ।
ਪਰਮੇਸ਼ਵਰ ਨੇ ਆਪਣੇ
ਵਾਇਦੇ ਦਾ ਇੱਕ ਵੱਡਾ
ਯਾਦਗਾਰ ਚਿੰਨ ਦਿੱਤਾ।
ਪਰਮੇਸ਼ਵਰ ਦੇ ਵਾਇਦੇ ਦਾ ਚਿੰਨ
ਧੁਣਕ (ਸੰਤ ਰੰਗੀ ਪੀਂਘ) ਸੀ।


ਜਲ-ਪਰਲੋ ਦੇ ਬਾਅਦ
ਨੂੰਹ ਅਤੇ ਉਸਦੇ
ਪਰਿਵਾਰ ਨੇ ਇੱਕ ਨਵੀਂ ਸੁਰੂਆਤ ਕੀਤੀ।
ਉਸ ਸਮੇਂ ਦੌਰਾਨ, ਉਸਦੀ ਸੰਤਾਨ ਦੁਆਰਾ
ਧਰਤੀ ਫ਼ਿਰ ਲੋਕਾਂ ਨਾਲ ਭਰ ਗਈ।
ਧਰਤੀ ਦੀਆਂ ਸਾਰੀਆਂ
ਕੌਮਾਂ ਨੂੰਹ ਅਤੇ
ਉਸਦੇ ਬੱਚਿਆਂ ਤੋ ਆਈਆਂ।

ਨੂੰਹ ਅਤੇ ਮਹਾਨ ਜਲ ਪਰਲੋ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪਤ 6-10

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16